# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
# ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ

ਐਸ.ਸੀ.ਓ. ਨੰ: 162-164, ਤੀਜੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫੋਨ : 0172-5043254, 5043256

ਵੱਲ :

ਰਾਜ ਦੇ ਸਮੂਹ ਪ੍ਰਿੰਸੀਪਲ/ਸਕੂਲ ਮੁੱਖੀ
(ਵੈਬਸਾਈਟ ਰਾਹੀਂ)

ਮੀਮੋ ਨੰ: ਡਿ.ਐਸ.ਪੀ.ਡੀ/ਰਮਸਅ/2010/**R054220**
ਮਿਤੀ, ਚੰਡੀਗੜ੍ਹ : 21-09-2010

ਵਿਸ਼ਾ : ਪ੍ਰਿੰਸੀਪਲ/ਮੁੱਖ ਅਧਿਆਪਕਾਂ ਵੱਲੋਂ ਆਪਣੇ ਵਿਸ਼ੇ ਨਾਲ ਸੰਬੰਧਤ ਪੀਰੀਅਡ ਪੜ੍ਹਾਏ ਜਾਣ ਸੰਬੰਧੀ।
ਹਵਾਲਾ: ਮੀਮੋ ਨੰ: ਡਿ.ਐਸ.ਪੀ.ਡੀ/ਐਸ.ਐਸ.ਏ/2010/46298, ਮਿਤੀ ਚੰਡੀਗੜ੍ਹ : 15-07-2010 ਦੇ ਸੰਬੰਧ ਵਿੱਚ।

1.0 ਉਕਤ ਵਿਸ਼ੇ ਤੇ ਹਵਾਲੇ ਵੱਲ ਧਿਆਨ ਦਿਵਾਉਂਦੇ ਹੋਏ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿੱਖਿਆ-2 ਸ਼ਾਖਾ) ਦੇ ਹੁਕਮ ਨੰ: 18/348-09-5ਸਿ2-6514-23 ਮਿਤੀ ਚੰਡੀਗੜ੍ਹ 29-12-2009 ਅਨੁਸਾਰ ਪ੍ਰਿੰਸੀਪਲ/ਮੁੱਖ ਅਧਿਆਪਕਾਂ ਵੱਲੋਂ ਆਪਣੇ ਵਿਸ਼ੇ ਨਾਲ ਸੰਬੰਧਤ ਪੀਰੀਅਡ ਹੇਠ ਲਿਖੇ ਅਨੁਸਾਰ ਲੈਣੇ ਜ਼ਰੂਰੀ ਹਨ :-

| ਲੜੀ ਨੰ: | ਅਹੁਦਾ | ਵਿਦਿਆਰਥੀਆਂ ਦੀ ਗਿਣਤੀ | ਪੀਰੀਅਡਾਂ ਦੀ ਗਿਣਤੀ |
|---|---|---|---|
| 1. | ਪ੍ਰਿੰਸੀਪਲ | ---- | 09 |
| 2. | ਹੈੱਡ ਮਾਸਟਰ | 500 ਤੱਕ | 15 |
| | | 1000 ਤੱਕ | 12 |
| | | 1500 ਤੱਕ | 10 |
| | | 2000 ਤੱਕ | 07 |

2.0 ਇਸ ਦਫ਼ਤਰ ਨੂੰ ਪ੍ਰਾਪਤ ਸੂਚਨਾ ਅਨੁਸਾਰ ਅਜੇ ਵੀ ਜ਼ਿਆਦਾਤਰ ਸਰਕਾਰੀ ਸਕੂਲਾਂ ਵਿੱਚ ਪ੍ਰਿੰਸੀਪਲ ਅਤੇ ਸਕੂਲ ਮੁੱਖੀ ਨਾਰਮ ਅਨੁਸਾਰ ਆਪਣੇ ਵਿਸ਼ੇ ਨਾਲ ਸੰਬੰਧਤ ਕਿਸੇ ਵੀ ਜਮਾਤ ਦਾ ਕੋਈ ਵੀ ਪੀਰੀਅਡ ਨਹੀਂ ਲੈ ਰਹੇ, ਜਿਸ ਦਾ ਕਿ ਇਸ ਦਫ਼ਤਰ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ।ਇਹ ਵੀ ਗੱਲ ਧਿਆਨ ਵਿੱਚ ਆਈ ਹੈ ਕਿ ਕਈ ਵਾਰੀ ਸਕੂਲ ਮੁੱਖੀ ਖੁਦ ਜਮਾਤਾਂ ਨੂੰ ਪੜ੍ਹਾਉਣ ਦੀ ਬਜਾਏ ਕਿਸੇ ਦੂਜੇ ਅਧਿਆਪਕ ਜਾਂ ਸਿੱਖਿਆ ਕਰਮੀ ਜਾਂ ਪੀ.ਟੀ.ਏ. ਦੁਆਰਾ ਰੱਖੇ ਅਧਿਆਪਕ ਤੋਂ ਆਪਣਾ ਵਿਸ਼ਾ ਪੜ੍ਹਵਾਉਂਦੇ ਹਨ ਅਤੇ ਰਿਕਾਰਡ ਵਿੱਚ ਆਪਣਾ ਨਾਂ ਰੱਖ ਲੈਂਦੇ ਹਨ, ਜੋ ਕਿ ਨਿਯਮਾਂ ਅਨੁਸਾਰ ਗਲਤ ਹੈ।

3.0 ਇਸ ਪੱਤਰ ਰਾਹੀਂ ਹਦਾਇਤ ਕੀਤੀ ਜਾਂਦੀ ਹੈ ਕਿ ਸਰਕਾਰ ਦੁਆਰਾ ਜਾਰੀ ਹੁਕਮਾਂ ਮਿਤੀ 29.12.2009 ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।ਕਿਸੇ ਵੀ ਕਿਸਮ ਦੀ ਲਾਪਰਵਾਹੀ ਹੋਣ ਦੀ ਸੂਰਤ ਵਿੱਚ ਪ੍ਰਿੰਸੀਪਲ/ਹੈੱਡ ਮਾਸਟਰਾਂ ਵਿਰੁੱਧ ਸ਼ਖਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ ਚੰਡੀਗੜ੍ਹ

ਪਿੱਠ ਅੰਕਣ ਨੰ: ਡਿ.ਐਸ.ਪੀ.ਡੀ./ਰਮਸਅ/2010/**R054221** ਮਿਤੀ ਚੰਡੀਗੜ੍ਹ : 21-09-2010
ਉਪਰੋਕਤ ਦਾ ਉਤਾਰਾ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਪੰਜਾਬ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਹੁਕਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ ਚੰਡੀਗੜ੍ਹ